بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਅ੍ਹਾ 27 .02.2015

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁੱਮੇ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 27 ਫ਼ਰਵਰੀ ਸਨ 2015 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ।

*ਘਟਨਾਵਾਂ ਜੋ ਹਨ ਇਹ ਕੇਵਲ ਸਾਨੂੰ ਇਹਨਾਂ ਤੋਂ ਬਚੱਣਾ ਨਹੀਂ ਚਾਹੀਦਾ ਸਗੋਂ ਆਪਣੇ ਉਪੱਰ ਲਾਗੂ ਵੀ ਕਰਨਾ ਚਾਹੀਦਾ, ਮੁਆਫ਼ੀ ਤੇ ਖਿਮਾ ਵੱਲ ਬਹੁਤ ਧਿਆਨ ਦੇਣ ਦੀ ਲੋੜ ਹੈ ।

*ਅਸੀਂ ਤਾਂ ਸਮਝਦੇ ਹਾਂ ਕਿ ਅਰਸ਼ ਤੋਂ ਰੱਬ ਮੱਕਾ ਅਤੇ ਮਦੀਨਾ ਦੀ ਰੱਖਿਆ ਕਰ ਰਿਹਾ ਹੈ ਅਤੇ ਅਸੀਂ ਵਿਸ਼ਵਾਸ ਰਖੱਦੇ ਹਾਂ ਕਿ ਜੋ ਮਨੁੱਖ ਤਿਰਛੀ ਨਿਗਾਹ ਨਾਲ ਮੱਕੇ ਵੱਲ ਇਕ ਵਾਰ ਵੀ ਦੇਖੇਗਾ ਰੱਬ ਉਸ ਮਨੁੱਖ ਨੂੰ ਅੰਨ੍ਹਾ ਕਰ ਦੇਵੇਗਾ ਅਤੇ ਜੇਕਰ ਰੱਬ ਨੇ ਇਹ ਕੰਮ ਮਨੁੱਖਾਂ ਤੋਂ ਲਿਆ ਤਾਂ ਜੋ ਹੱਥ ਉਸ ਬਦ ਅੱਖਾਂ ਨੂੰ ਫੋੜਨ ਲਈ ਅੱਗੇ ਵੱਧਣਗੇ ਉਹਨਾਂ ਵਿੱਚ ਸਾਡਾ ਹੱਥ ਅਲੱਾਹ ਦੀ ਮਿਹਰ ਨਾਲ ਸਭ ਤੋਂ ਅੱਗੇ ਹੋਵੇਗਾ ।

ਤਸ਼ਹੁੱਦ, ਤਊਜ਼, ਤਸਮੀਆ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ :

ਹਜ਼ਰਤ ਮੁਸਲਿਹ ਮਊਦ ਰਜ਼ੀ ਲੱਾਹ ਅਨਹੁ ਹਜ਼ਰਤ ਮੀਰ ਹਸਾਮੁੱਦੀਨ ਸਾਹਬ ਜਿੰਨ੍ਹਾ ਦਾ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨਾਲ ਬਹੁਤ ਸੰਬੰਧ ਸੀ, ਉਹਨਾਂ ਦੀ ਇਕ ਘਟਨਾ ਵਰਨਣ ਕਰਦੇ ਹਨ, ਆਪ ਨੇ ਇਹ ਬਿਆਨ ਉਹਨਾਂ ਦੇ ਪੁਤੱਰ ਮੀਰ ਹਾਮਦ ਸ਼ਾਹ ਸਾਹਬ ਦੇ ਪੁਤੱਰ ਦੇ ਨਿਕਾਹ ਸਮੇਂ ਦਿਤੱਾ ਆਪ ਫ਼ਰਮਾਉਂਦੇ ਹਨ ਕਿ ਇਕ ਮੌਕੇ'ਤੇ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀ ਸਭਾ ਵਿੱਚ ਹਜ਼ਰਤ ਮੀਰ ਹਾਮਦ ਸ਼ਾਹ ਸਾਹਬ ਬਾਰੇ ਚਰਚਾ ਹੋਈ ਤਾਂ ਆਪ ਨੇ ਫ਼ਰਮਾਇਆ ਕਿ ਸ਼ਾਹ ਸਾਹਬ ਇਕ ਦਰਵੇਸ਼ ਸੁਭਾਵ ਦੇ ਆਦਮੀ ਹਨ । ਅਤੇ ਰੱਬ ਅਜਿਹੇ ਹੀ ਲੋਕਾਂ ਨੂੰ ਪਸੰਦ ਕਰਦਾ ਹੈ । ਬਹਿਰਹਾਲ ਹਜ਼ਰਤ ਮੁਸਲਿਹ ਮਊਦ ਫ਼ਰਮਾਉਂਦੇ ਹਨ ਕਿ ਹਕੀਮ ਹਸਾਮੁੱਦੀਨ ਸਾਹਬ ਨਾਲ ਜੋ ਅਰੰਭਕ ਸੰਬੰਧ ਸਨ । ਇਸ ਉਧਾਰਣ ਨਾਲ ਉਹਨਾਂ ਦੀ ਵਿਸ਼ੇਸ਼ਤਾ ਦਿਖਾਈ ਦਿੰਦੀ ਹੈ ਕਿ ਇਕ ਵਾਰ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦਾਵੇ ਦੇ ਬਾਦ ਸਿਆਲਕੋਟ ਗਏ । ਹਕੀਮ ਹਸਾਮੁੱਦੀਨ ਸਾਹਬ ਨੂੰ ਆਪ ਦੇ ਆਉਣ ਦੀ ਬਹੁਤ ਖ਼ੁਸ਼ੀ ਹੋਈ । ਉਹਨਾਂ ਨੇ ਆਪ ਨੂੰ ਠਹਿਰਾਉਣ ਲਈ ਇਕ ਘਰ ਦਾ ਪ੍ਰਬੰਧ ਕੀਤਾ ਪਰ ਜਿਸ ਘਰ ਵਿੱਚ ਆਪ ਨੂੰ ਠਹਿਰਾਇਆ ਗਿਆ ਉਸ ਬਾਰੇ ਪਤਾ ਲੱਗਾ ਕਿ ਛੱਤ ਦੀ ਮੁਢੇਰ ਨਹੀਂ ਹੈ ਤਾਂ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਸਿਆਲਕੋਟ ਤੋਂ ਵਾਪਸੀ ਦਾ ਨਿਸ਼ਚਾ ਕਰ ਲਿਆ । ਮੁਢੇਰ ਬਾਰੇ ਇਹ ਵੀ ਚੇਤੇ ਰਖੱਣਾ ਚਾਹੀਦਾ ਹੈ ਕਿ ਹਦੀਸ ਵਿੱਚ ਆਇਆ ਹੈ ਕਿ ਅਜਿਹੀਆਂ ਛਤਾਂ ਜਿੰਨ੍ਹਾ ਉਪੱਰ ਮੁਢੇਰ ਨ ਹੋਵੇ ਉਹਨਾਂ'ਤੇ ਸੌਣਾ ਨਹੀਂ ਚਾਹੀਦਾ ਅਤੇ ਇਸ ਜੁੱਗ ਵਿੱਚ ਲੋਕ ਗਰਮੀਆਂ ਵਿੱਚ ਛਤਾਂ ਉਪੱਰ ਸੋਇਆਕਰਦੇ ਸਨ ਕਿਉਂਕਿ ਪੱਖਿਆਂ ਆਦਿ ਦਾ ਪ੍ਰਬੰਧ ਨਹੀਂ ਹੋਇਆ ਕਰਦਾ ਸੀ । ਇਸ ਲਈ ਜੱਦ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਦੇਖਿਆ ਕਿ ਛੱਤ ਉਪੱਰ ਮੁਢੇਰ ਨਹੀਂ ਹੈ ਤਾਂ ਆਪ ਨੇ ਫ਼ਰਮਾਇਆ ਇਹ ਘਰ ਤਾਂ ਠੀਕ ਨਹੀਂ ਹੈ । ਆਪ ਨੇ ਝੱਟ ਵਾਪਸੀ ਦਾ ਨਿਸ਼ਚਾ ਕਰ ਲਿਆ, ਪਰ ਜਿਉਂ ਹੀ ਹਕੀਮ ਹਸਾਮੁੱਦੀਨ ਸਾਹਬ ਨੂੰ ਮਲੂਮ ਹੋਇਆ ਤਾਂ ਉਹਨਾਂ ਨੇ ਕਿਹਾ ਕਿਵੇਂ ਵਾਪਸ ਜਾਂਦੇ ਹਨ, ਚਲੇ ਤਾਂ ਜਾਣ ਅਤੇ ਝੱਟ ਜ਼ਨਾਨਾ ਬੂਹੇ ਉਪੱਰ ਹਾਜ਼ਰ ਹੋਏ ਅਤੇ ਸੂਚਨਾ ਭਿਜਵਾਈ ਕਿ ਹਕੀਮ ਹਸਾਮੁੱਦੀਨ ਸਾਹਬ ਹਜ਼ਰਤ ਸਾਹਬ ਨੂੰ ਮਿਲਣ ਲਈ ਆਏ ਹਨ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਉਸੇ ਸਮੇਂ ਬਾਹਰ ਆਏ, ਹਕੀਮ ਸਾਹਬ ਨੇ ਕਿਹਾ, ਮੈਨੂੰ ਮਲੂਮ ਹੋਇਆ ਹੈ ਕਿ ਹਜ਼ੂਰ ਇਸ ਲਈ ਵਾਪਸ ਜਾਣ ਦਾ ਨਿਸ਼ਜ਼ਾ ਰਖੱਦੇ ਹਨ ਕਿ ਇਹ ਘਰ ਉਚਿਤ ਨਹੀਂ । ਘਰ ਬਾਰੇ ਉਹਨਾਂ ਨੇ ਬੇਨਤੀ

ਕੀਤੀ ਕਿ ਸਾਰੇ ਸ਼ਹਿਰ ਵਿੱਚ ਜੋ ਘਰ ਵੀ ਪਸੰਦ ਹੋਵੇ ਉਸਦਾ ਪ੍ਰਬੰਧ ਹੋ ਸਕਦਾ ਹੈ, ਰਿਹਾ ਵਾਪਸ ਜਾਣਾ, ਤਾਂ ਕੀ ਆਪ ਇਸ ਲਈ ਏਥੇ ਆਏ ਸਨ ਕਿ ਝੱਟ ਵਾਪਸ ਚਲੇ ਜਾਓ ਅਤੇ ਲੋਕਾਂ ਵਿੱਚ ਮੇਰੀ ਨੱਕ ਕੱਟੀ ਜਾਵੇ । ਇਸ ਗੱਲ ਨੂੰ ਉਹਨਾਂ ਨੇ ਇਸ ਢੰਗ ਨਾਲ ਕਿਹਾ ਕਿ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਬਿਲਕੁਲ ਚੁੱਪ ਹੋ ਗਏ ਅਤੇ ਕਿਹਾ ਕਿ ਅਸੀਂ ਨਹੀਂ ਜਾਂਦੇ ।

ਇਕ ਘਟਨਾ ਵਰਨਣ ਕਰਦੇ ਹਨ । ਹਜ਼ਰਤ ਮਸੀਹ ਮਊਦ ਅਲੈਹਿਸਲਾਮ ਦੇ ਕੋਲ ਇਕ ਮਨੁੱਖ ਆਇਆ, ਉਸ ਨੇ ਕਿਹਾ ਕਿ ਮੈਂ ਆਪ ਦਾ ਬਹੁਤ ਪ੍ਰਸ਼ੰਸਕ ਹਾਂ ਪਰ ਇਕ ਬਹੁਤ ਵੱਡੀ ਗ਼ਲਤੀ ਆਪ ਤੋਂ ਹੋਈ ਹੈ, ਕਹਿਣ ਲੱਗਾ ਆਪ ਜਾਣਦੇ ਹਨ ਕਿ ਉਲਮਾ (ਮੌਲਵੀ) ਕਿਸੇ ਦੀ ਗੱਲ ਨਹੀਂ ਮੰਨਿਆ ਕਰਦੇ ਕਿਉਂਕਿ ਉਹ ਜਾਣਦੇ ਹਨ ਕਿ ਜੇਕਰ ਮੰਨ ਲਈ ਤਾਂ ਸਾਡੇ ਲਈ ਹਤੱਕ ਦਾ ਸਬਬ ਹੋਵੇਗੀ । ਅਰਥਾਤ ਮੌਲਵੀ ਨਹੀਂ ਮੰਨ੍ਹਦੇ । ਉਲਮਾ ਜਾ ਮੌਲਵੀਆਂ ਤੋਂ ਗੱਲ ਮਨਵਾਉਣ ਦਾ ਤਰੀਕਾ ਇਹ ਹੈ ਕਿ ਉਹਨਾਂ ਦੇ ਮੂੰਹੋਂ ਗੱਲ ਕਢਵਾਈ ਜਾਵੇ ਅਤੇ ਜੋ ਤਰੀਕਾ ਉਸ ਮਨੁੱਖ ਨੇ ਪੇਸ਼ ਕੀਤਾ, ਇਹ ਸੀ ਕਿ ਜੱਦ ਆਪ ਨੂੰ ਵਫ਼ਾਤੇ ਮਸੀਹ ਦਾ ਮਸਲਾ ਮਲੂਮ ਹੋਇਆ ਸੀ ਤਾਂ ਚਾਹੀਦਾ ਇਹ ਸੀ ਕਿ ਚੁਣੇ ਹੋਏ ਮੌਲਵੀਆਂ ਦੀ ਦਾਵਤ ਕਰਦੇ ਅਤੇ ਇਕ ਮੀਟਿੰਗ ਕਰਕੇ ਇਹ ਗੱਲ ਉਹਨਾਂ ਦੇ ਸਾਹਮਣੇ ਰਖੱਦੇ ਕਿ ਈਸਾਈਆਂ ਨੂੰ ਹਯਾਤੇ ਮਸੀਹ (ਈਸਾ ਮਸੀਹ ਦੇ ਜੀਉਂਦੇ ਹੋਣ) ਦੇ ਅਕੀਦੇ ਨਾਲ ਬਹੁਤ ਮਦਦ ਮਿਲਦੀ ਹੈ ਅਤੇ ਉਹ ਇਤਰਾਜ਼ ਕਰਕੇ ਇਸਲਾਮ ਨੂੰ ਬਹੁਤ ਹਾਨੀ ਪਹੁੰਚਾ ਰਹੇ ਹਨ । ਉਹ ਕਹਿੰਦੇ ਹਨ ਕਿ ਤੁਹਾਡਾ ਨਬੀ ਫ਼ੌਤ ਹੋ ਗਿਆ ਹੈ ਅਤੇ ਸਾਡੇ ਧਰਮ ਦਾ ਬਾਨੀ ਆਕਾਸ਼ ਉਪੱਰ ਹੈ, ਇਸ ਲਈ ਉਹ ਉਤੱਮ ਸਗੋਂ ਆਪ ਰੱਬ ਹੈ । ਇਸ ਦਾ ਕੀ ਉਤੱਰ ਦਿਤੱਾ ਜਾਵੇ । ਅਰਥਾਤ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਮੌਲਵੀਆਂ ਨੂੰ ਇਕਤੱਰ ਕਰਕੇ ਇਹ ਪੁਛੱਣ ਕਿ ਇਹ ਗੱਲ ਹੈ ਦੱਸੋ ਇਸ ਦਾ ਕੀ ਉਤੱਰ ਦਿਤੱਾ ਜਾਵੇ । ਉਹ ਮਨੁੱਖ ਕਹਿਣ ਲੱਗਾ ਕਿ ਇਸ ਸਮੇਂ ਮੌਲਵੀ ਇਹੋ ਕਹਿੰਦੇ ਹਨ ਕਿ ਆਪ ਹੀ ਦੱਸੋ ਕਿ ਇਸ ਦਾ ਕੀ ਉਤੱਰ ਹੈ । ਆਪ ਕਹਿੰਦੇ ਕਿ ਰਾਏ ਤਾਂ ਵਾਸਤਵ ਵਿੱਚ ਆਪ ਲੋਕਾਂ ਦੀ ਹੀ ਉਚਿਤ ਹੋ ਸਕਦੀ ਹੈ ਪਰ ਮੇਰਾ ਵਿਚਾਰ ਇਹ ਹੈ ਕਿ ਇਹ ਵਿਉਂਤ ਪੇਸ਼ ਕਰ ਰਿਹਾ ਹੈ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੂੰ ਕਿ ਆਪ ਇਹ ਕਹਿੰਦੇ ਕਿ ਮੇਰਾ ਵਿਚਾਰ ਹੈ ਕਿ ਫ਼ਲਾਣੀ ਆਇਤ ਰਾਹੀਂ ਹਜ਼ਰਤ ਈਸਾ ਮਸੀਹ ਦੀ ਵਫ਼ਾਤ ਸਾਬਤ ਹੋ ਸਕਦੀ ਹੈ । ਮੌਲਵੀ ਝੱਟ ਕਹਿ ਦਿੰਦੇ ਇਹ ਗੱਲ ਠੀਕ ਹੈ । ਬਿਸਮਿਲੱਾਹ ਕਰਕੇ ਘੋਸ਼ਣਾ ਕਰੋ, ਅਸੀਂ ਸਮਰਥਨ ਲਈ ਤਿਆਰ ਹਾਂ । ਫਿਰ ਇਸੇ ਪ੍ਰਕਾਰ ਮਸਲਾ ਪੇਸ਼ ਹੋ ਜਾਂਦਾ ਕਿ ਹਦੀਸਾਂ ਵਿੱਚ ਮਸੀਹ ਦੇ ਮੁੜ੍ਹ ਆਉਣ ਦਾ ਵਰਨਣ ਹੈ, ਪਰ ਜੱਦ ਮਸੀਹ ਈਸਾ ਅਲੈਹਿ ਸਲਾਮ ਫ਼ੌਤ ਹੋ ਗਏ ਤਾਂ ਇਸ ਦਾ ਕੀ ਮਤਲਬ ਸਮਝਿਆ ਜਾਵੇਗਾ । ਇਸ ਤੇ ਕੋਈ ਆਲਮ ਆਪ ਬਾਰੇ ਕਹਿ ਦਿੰਦਾ ਕਿ ਆਪ ਹੀ ਮਸੀਹ ਹਨ ਅਤੇ ਸਾਰਿਆਂ ਓਲਮਾਵਾਂ ਨੇ ਇਸ'ਤੇ ਤਸਦੀਕੀ ਮੁਹਰ ਲਾ ਦੇਣੀ ਸੀ । ਇਹ ਵਿਉਂਤ ਸੁਣ ਕੇ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਫ਼ਰਮਾਇਆ ਕਿ ਜੇਕਰ ਮੇਰਾ ਦਾਵਾ ਮਨੁੱਖੀ ਚਾਲਾਂ ਰਾਹੀਂ ਹੁੰਦਾ ਤਾਂ ਬੇਸ਼ਕ ਮੈਂ ਅਜਿਹਾ ਹੀ ਕਰਦਾ, ਪਰ ਇਹ ਰੱਬ ਦੇ ਹੁਕਮ ਅਨੁਸਾਰ ਸੀ, ਖ਼ੁਦਾ ਨੇ ਜਿਸ ਪ੍ਰਕਾਰ ਸਮਝਾਇਆ ਉਸੇ ਤਰ੍ਹਾਂ ਮੈਂ ਕੀਤਾ ।

ਹਜ਼ਰਤ ਮਸੀਂ ਮਊਦ ਅਲੈਹਿ ਸਲਾਮ ਦਾ ਇਕ ਇਲਹਾਮ ਹੈ ਕਿ ਅੱਗ ਤੋਂ ਸਾਨੂੰ ਨ ਡਰਾਓ, ਅੱਗ ਸਾਡੀ ਗ਼ੁਲਾਮ ਸਗੋਂ ਗ਼ੁਲਾਮਾ ਦੀ ਗ਼ੁਲਾਮ ਹੈ । ਹਜ਼ਰਤ ਮੁਸਲਿਹ ਮਊਦ ਫ਼ਰਮਾਉਂਦੇ ਹਨ ਕਿ ਮੈਨੂੰ ਚੇਤੇ ਹੈ ਕਿ 1903 ਈ. ਵਿੱਚ ਜੱਦ ਇਕ ਮਨੁੱਖ ਅਬਦੁਲ ਗ਼ਫ਼ੂਰ ਇਸਲਾਮ ਛੱਡ ਕੇ ਆਰਿਆ ਹੋ ਗਿਆ ਸੀ ਅਤੇ ਉਸ ਨੇ ਆਪਣਾ ਨਾਂ ਧਰਮਪਾਲ ਰੱਖ ਲਿਆ ਸੀ । "ਤਰਕੇ ਇਸਲਾਮ" (ਇਸਲਾਮ ਦਾ ਤਿਆਗ) ਨਾਂ ਦੀ ਇਕ ਕਿਤਾਬ ਲਿਖੀ ਤਾਂ ਹਜ਼ਰਤ ਖ਼ਲੀਫ਼ਾ ਅਵੱਲ ਨੇ ਉਸ ਦਾ ਉਤੱਰ ਲਿੱਖਿਆ ਜੋ "ਨੂਰੁੱਦੀਨ" ਦੇ ਨਾਂ ਨਾਲ ਪ੍ਰਕਾਸ਼ਤ ਹੋਇਆ । ਇਹ ਕਿਤਾਬ ਪ੍ਰਤੀਦਿਨ ਹਜ਼ਰਤ ਮਸੀਹ ਮਊਦ ਅਲੈਹਿਸਲਾਮ ਨੂੰ ਸੁਣਾਈ ਜਾਂਦੀ ਸੀ। ਜੱਦ ਧਰਮਪਾਲ ਦਾ ਇਹ ਇਤਰਾਜ਼ ਆਇਆ ਕਿ ਜੇਕਰ ਹਜ਼ਰਤ ਇਬਰਾਹੀਮ ਅਲੈਹਿ ਸਲਾਮ ਲਈ ਅੱਗ ਠੰਡੀ ਹੋਈ ਸੀ ਤਾਂ ਦੂਜਿਆਂ ਲਈ ਕਿਉਂ ਨਹੀਂ ਹੁੰਦੀ ਅਤੇ ਇਸ'ਤੇ ਹਜ਼ਰਤ ਖ਼ਲੀਫ਼ਾ ਅਵੱਲ ਦਾ ਇਹ ਉਤੱਰ ਸੁਣਾਇਆ ਗਿਆ ਕਿ ਇਸ ਥਾਂ 'ਨਾਰ' ਤੋਂ ਜਾਹਿਰੀ ਅੱਗ ਭਾਵ ਨਹੀਂ ਸਗੋਂ ਵਿਰੋਧਤਾ ਦੀ ਅੱਗ ਭਾਵ ਹੈ ਤਾਂ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਫ਼ਰਮਾਇਆ ਕਿ ਇਸ ਦੀ ਤਾਵੀਲ (ਭਾਵ ਅਰਥ ਕਢੱਣ) ਕਰਨ ਦੀ ਕੀ ਲੋੜ ਹੈ, ਮੈਨੂੰ ਵੀ ਰੱਬ ਨੇ ਇਬਰਾਹੀਮ ਕਿਹਾ ਹੈ, ਜੇਕਰ ਲੋਕਾਂ ਦੀ ਸਮਝ ਵਿੱਚ ਇਹ ਗੱਲ ਨਹੀਂ ਆਉਂਦੀ ਕਿ ਹਜ਼ਰਤ ਇਬਰਾਹੀਮ ਅਲੈਹਿ ਸਲਾਮ ਲਈ ਅੱਗ ਕਿਵੇਂ ਠੰਡੀ ਹੋਈ ਤਾਂ ਉਹ ਮੈਨੂੰ ਅੱਗ ਵਿੱਚ ਪਾਕੇ ਦੇਖ ਲੈਣ ਕਿ ਮੈਂ ਇਸ ਅੱਗ ਵਿੱਚੋਂ ਸਲਾਮਤੀ ਨਾਲ ਨਿਕਲ ਆਉਂਦਾ ਹਾਂ ਜਾਂ ਨਹੀਂ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਇਸ ਆਦੇਸ਼ ਕਰਕੇ ਹਜ਼ਰਤ ਖ਼ਲੀਫ਼ਾ ਅਵੱਲ ਨੇ ਇਹੋ ਆਪਣੀ ਕਿਤਾਬ "ਨੂਰੁੱਦੀਨ" ਵਿੱਚ ਇਹੋ ਉਤੱਰ ਲਿੱਖਿਆ ਅਤੇ ਲਿੱਖਿਆ ਕਿ ਤੁਸੀਂ ਸਾਡੇ ਇਮਾਮ ਨੂੰ ਅੱਗ

ਵਿੱਚ ਪਾਕੇ ਦੇਖ ਲਓ । ਨਿਸ਼ਚੇ ਹੀ ਰੱਬ ਆਪਣੇ ਵਾਦੇ ਅਨੁਸਾਰ ਉਸ ਨੂੰ ਇਸ ਅੱਗ ਵਿੱਚੋਂ ਉਸੇ ਪ੍ਰਕਾਰ ਸੁਰੱਖਿਅਤ ਰੱਖੇਗਾ ਜਿਵੇਂ ਉਸ ਨੇ ਹਜ਼ਰਤ ਇਬਰਾਹੀਮ ਨੂੰ ਸੁਰੱਖਿਅਤ ਰੱਖਿਆ ਸੀ ।

ਹਜ਼ਰਤ ਮੁਸਲਿਹ ਮਊਦ ਫ਼ਰਮਾਉਂਦੇ ਹਨ ਕਿ ਕ੍ਰਿਸ਼ਮਿਆਂ (ਚਮਤਕਾਰਾਂ) ਬਾਰੇ ਨਬੀਆਂ ਦੀ ਰਾਏ ਹੀ ਠੀਕ ਸਮਝੀ ਜਾ ਸਕਦੀ ਹੈ ਕਿਉਂਕਿ ਉਹ ਉਹਨਾਂ ਦੀਆ ਦੇਖੀਆਂ ਹੋਈਆਂ ਗੱਲਾਂ ਹੁੰਦੀਆਂ ਹਨ । ਜੋ ਮਨੁੱਖ ਰੱਬ ਨਾਲ ਅਧੱਾ ਅਧੱਾ ਘੰਟਾ ਗੱਲਾਂ ਕਰਦਾ ਹੈ ਪ੍ਰਸ਼ਨ ਕਰਦਾ ਹੈ ਉੱਤਰ ਪਾਉਂਦਾ ਹੈ । ਉਸ ਦੀਆਂ ਗੱਲਾਂ ਤੱਕ ਤਾਂ ਖ਼ਾਸ ਵੀ ਨਹੀਂ ਪਹੁੰਚ ਸਕਦਾ ਦੂਜਾ ਇਹ ਕਿ ਸਾਧਾਰਣ ਲੋਕ ਜਿੰਨ੍ਹਾ ਨੇ ਕਦੇ ਸੁਪਨੇ ਵਿੱਚ ਵੀ ਨਹੀਂ ਦੇਖਿਆ ਅਤੇ ਜੇਕਰ ਦੇਖਿਆ ਵੀ ਹੋਵੇ ਤਾਂ ਇਕ ਦੋ ਤੋਂ ਵੱਧ ਨਹੀਂ ਅਤੇ ਫਿਰ ਬਹੁਤਾ ਦੇਖਣ ਵੀ ਤਾਂ ਮਨ ਵਿੱਚ ਸੰਦੇਹ ਰਹਿੰਦਾ ਹੈ ਕਿ ਸੰਭਵਤਾ ਇਹ ਰੱਬ ਵੱਲੋਂ ਹੈ ਜਾਂ ਮਨ ਦਾ ਹੀ ਧੋਖਾ ਹੈ । ਪਰ ਜੋ ਇਹ ਕਹਿੰਦੇ ਹਨ, ਅਰਥਾਤ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀ ਉਧਾਰਣ ਦਿੰਦਿਆਂ ਹੋਇਆਂ ਫ਼ਰਮਾਉਂਦੇ ਹਨ ਕਿ ਜੋ ਇਹ ਕਹਿੰਦੇ ਹਨ ਕਿ ਏਧਰ ਅਸੀਂ ਸੌਂਣ ਲਈ ਸਿਰਾਹਣੇ ਉਪੱਰ ਸਿਰ ਰੱਖਿਆ ਓਧਰ ਇਹ ਆਵਾਜ਼ ਆਉਣੀ ਸ਼ੁਰੂ ਹੋਈ ਕਿ ਦਿਨ ਵਿੱਚ ਤੁਹਾਨੂੰ ਲੋਕਾਂ ਨੇ ਬਹੁਤ ਗਾਲ੍ਹਾਂ ਦਿੱਤੀਆਂ ਹਨ, ਅਰਥਾਤ ਸਾਰਾ ਦਿਨ ਤੁਹਾਨੂੰ ਬਹੁਤ ਗਾਲ੍ਹਾਂ ਮਿਲੀਆਂ ਹਨ ਪਰ ਚਿੰਤਾ ਨ ਕਰੋ ਅਸੀਂ ਤੁਹਾਡੇ ਨਾਲ ਹਾਂ ਅਤੇ ਸਿਰਾਹਣੇ 'ਤੇ ਸਿਰ ਰਖੱਣ ਤੋਂ ਲੈਕੇ ਉੱਠਣ ਤੱਕ ਅਲੱਾਹ ਤਆਲਾ ਇਸੇ ਪ੍ਰਕਾਰ ਤਸੱਲੀਆਂ ਦਿੰਦਾ ਰਿਹਾ ਹੈ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਫ਼ਰਮਾਇਆ ਹੈ ਕਿ ਕਈ ਵਾਰ ਸਾਰੀ ਸਾਰੀ ਰਾਤ ਇਹੋ ਇਲਹਾਮ ਹੁੰਦਾ ਰਹਿੰਦਾ ਕਿ 'ਇਨੀ ਮਾਅਰੱਸੂਲਾ ਅਕਵਾਮੁ' ਮੈਂ ਆਪਣੇ ਰਸੂਲ ਨਾਲ ਖੜਾ ਹਾਂ । ਹਜ਼ਰਤ ਮੁਸਲਿਹ ਮਊਦ ਫ਼ਰਮਾਉਂਦੇ ਹਨ ਕਿ ਦੂਜੇ ਲੋਕ ਇਹਨਾਂ ਗੱਲਾਂ ਨੂੰ ਨਹੀਂ ਸਮਝ ਸਕਦੇ । ਹਾਂ, ਰੱਬ ਦੇ ਨੇਕ ਲੋਕ ਇਕ ਹੱਦ ਤੱਕ ਸਮਝ ਸਕਦੇ ਹਨ ਪਰ ਉਸ ਹੱਦ ਤੱਕ ਨਹੀਂ ਜਿਸ ਹੱਦ ਤੱਕ ਨਬੀ ਸਮਝ ਸਕਦਾ ਹੈ । ਨਬੀ ਨਬੀ ਹੀ ਹੈ ਉਸਦੇ ਨਾਲ ਰੱਬ ਦਾ ਕਲਾਮ ਅਜਿਹੇ ਢੰਗ ਨਾਲ ਹੁੰਦਾ ਹੈ ਜਿਸ ਦੀ ਉਧਾਰਣ ਹੋਰ ਥਾਂ ਨਹੀਂ ਮਿਲ ਸਕਦੀ ।

ਹਜ਼ਰਤ ਮੁਸਲਿਹ ਮਊਦ ਆਪਣੇ ਬਾਰੇ ਫ਼ਰਮਾਉਂਦੇ ਹਨ ਕਿ ਮੇਰੇ ਆਪਣੇ ਇਲਹਾਮ ਅਤੇ ਸੁਪਨੇ ਇਸ ਸਮੇਂ ਤੱਕ ਹਜ਼ਾਰ ਦੀ ਗਿਣਤੀ ਨੂੰ ਪਹੁੰਚ ਚੁਕੇ ਹੋਣਗੇ ਪਰ ਉਸ ਮਨੁੱਖ ਦੀ ਅਰਥਾਤ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀ ਇਕ ਰਾਤ ਨਾਲ, ਇਲਹਾਮਾ ਦੇ ਬਰਾਬਰ ਵੀ ਨਹੀਂ ਹੋ ਸਕਦੇ ਜਿਸ ਨੂੰ ਸ਼ਾਮ ਤੋਂ ਲੈਕੇ ਸਵੇਰ ਤੱਕ 'ਇਨੀ ਮਾਅਰੱਸੂਲਾ ਅਕਵਾਮੁ' ਦਾ ਇਲਹਾਮ ਹੁੰਦਾ ਰਿਹਾ । ਫਿਰ ਆਪ ਨੇ ਫ਼ਰਮਾਇਆ ਕਿ ਸਾਡਾ ਕੰਮ ਇਹ ਹੈ ਕਿ ਆਪਣੇ ਵਡੇਰਿਆਂ ਦਾ ਸਨਮਾਨ ਕਰੀਏ ਪਰ ਜੱਦ ਅਸੀਂ ਉਹਨਾਂ ਨੂੰ ਨਬੀਆਂ ਦੇ ਮੁਕਾਬਲੇ ਵਿੱਚ ਖੜਾ ਕਰਦੇ ਹਾਂ ਤਾਂ ਸੰਭਵਤਾ ਅਸੀਂ ਉਹਨਾਂ ਦੀ ਖ਼ਾਮਖਵਾਹ ਉਹਨਾਂ ਦੀ ਹਤੱਕ ਕਰਾਉਂਦੇ ਹਾਂ । ਸੋ, ਹਜ਼ਰਤ ਖ਼ਲੀਫ਼ਾ ਅਵੱਲ ਹੋਣ ਜਾਂ ਮੈਂ ਹੋਵਾਂ ਜਾਂ ਕੋਈ ਹੋਰ ਬਾਦ ਵਿੱਚ ਆਉਣ ਵਾਲਾ ਖ਼ਲੀਫ਼ਾ ਜੱਦ ਇਹ ਗੱਲ ਪੇਸ਼ ਤਰ ਦਿੱਤੀ ਜਾਵੇ ਕਿ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਇਉਂ ਫ਼ਰਮਾਇਆ ਹੈ ਤਾਂ ਅੱਗੋਂ ਇਹ ਆਖਣਾ ਕਿ ਫਲਾਣੇ ਖ਼ਲੀਫ਼ਾ ਨੇ ਇਉਂ ਕਿਹਾ ਹੈ ਗ਼ਲਤੀ ਹੈ ਜੋ ਅਗਿਆਨਤਾ ਕਰਕੇ ਹੈ ਉਹ ਸਨਦ ਨਹੀਂ ਹੋ ਸਕਦੀ । ਉਸ ਦੀ ਕੋਈ ਸਨਦ ਨਹੀਂ, ਜੇਕਰ ਗਿਆਨ ਨਹੀਂ ਹੈ ਤਾਂ ਅਤੇ ਜੇਕਰ ਗਿਆਨ ਕਰਕੇ ਹੈ ਤਾਂ ਸੰਭਵਤਾ ਖ਼ਲੀਫਾ ਨੂੰ ਉਸਦੇ ਅਨੁਕਰਤਾ ਦੇ ਟਾਕਰੇ'ਤੇ ਖੜਾ ਕਰਨਾ ਹੈ । ਤਾਂ ਇਸ ਤੋਂ ਇਹ ਸਪਸ਼ਟ ਹੋ ਗਿਆ, ਇਕ ਗੱਲ ਤਾਂ ਇਹ ਹੈ ਕਿ ਖ਼ਲੀਫ਼ੇ ਜੇਕਰ ਕੋਈ ਅਜਿਹੀ ਵਿਆਖਿਆ ਕਰਦੇ ਹਨ ਜੋ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀ ਸਪਸ਼ਟ ਵਿਆਖਿਆ ਦੇ ਵਿਪਰੀਤ ਹੈ ਤਾਂ ਉਸ ਬਾਰੇ ਸੂਚਨਾ ਕਰ ਦੇਣੀ ਚਾਹੀਦੀ ਹੈ । ਅਤੇ ਜੇਕਰ ਸਮੇਂ ਦਾ ਖ਼ਲੀਫ਼ਾ ਸਮਝੇ ਕਿ ਇਹ ਵਿਆਖਿਆ ਜੋ ਕੀਤੀ ਗਈ ਸੀ, ਉਸ ਦੀ ਇਹ ਵਿਆਖਿਆ ਹਜ਼ਰਤ ਮਸੀਹ ਮਊਦ ਦੇ ਕਥਨਾ ਤੋਂ ਹੋ ਸਕਦੀ ਸੀ ਤਾਂ ਫਿਰ ਉਹੋ ਸਵੀਕਾਰ ਹੋਵੇਗੀ ਅਤੇ ਜੇਕਰ ਨਹੀਂ ਤਾਂ ਫਿਰ ਉਹ ਆਪਣੀ ਗੱਲ ਠੀਕ ਕਰ ਲਏਗਾ, ਪਰ ਬਹਿਰਹਾਲ ਇਹ ਸਮਝਣਾ ਹੈ ਕਿ ਉਸ ਨੇ ਇਹ ਕਿਹਾ ਅਤੇ ਹਜ਼ਰਤ ਮਸੀਹ ਮਊਦ ਨੇ ਇਹ ਫ਼ਰਮਾਇਆ । ਆਪੋ ਵਿੱਚ ਮਤਿਭੇਦ ਕਿਉਂ ਹੈ, ਇਹ ਗੱਲਾਂ ਗ਼ਲਤ ਹਨ ਮਤਿਭੇਦ ਕੋਈ ਨਹੀਂ ਹੁੰਦਾ, ਹਾਂ, ਕਈ ਵਾਰ ਗਿਆਨ ਦੀ ਘਾਟ ਅਵਸ਼ ਹੁੰਦੀ ਹੈ ।

ਫਿਰ ਚੰਨ੍ਹ ਤੇ ਸੂਰਜ ਗ੍ਰਹਿਣ ਦੀ ਘਟਨਾ ਬਾਰੇ ਆਪ ਫ਼ਰਮਾਉਂਦੇ ਹਨ, ਇਹ ਬਹੁਤ ਪ੍ਰਸਿੱਧ ਘਟਨਾ ਹੈ ਕਿ ਇਕ ਵਿਰੋਧੀ ਮੌਲਵੀ ਜੋ ਸੰਭਵਤਾ ਗੁਜਰਾਤ ਦਾ ਰਹਿਣ ਵਾਲਾ ਸੀ, ਲੋਕਾਂ ਨੂੰ ਹਮੇਸ਼ਾ ਕਹਿੰਦਾ ਰਹਿੰਦਾ ਸੀ ਕਿ ਮਿਰਜ਼ਾ ਸਾਹਬ ਦੇ ਦਾਵੇ ਤੋਂ ਬਿਲਕੁਲ ਧੋਖਾ ਨ ਖਾਣਾ । ਹਦੀਸਾਂ ਵਿੱਚ ਸਾਫ਼ ਸਾਫ਼ ਲਿੱਖਿਆ ਹੈ ਕਿ ਮਹਿਦੀ ਦੀ ਨਿਸ਼ਾਨੀ ਇਹ ਹੈ ਕਿ ਉਸ ਦੇ ਜੁੱਗ ਵਿੱਚ ਸੂਰਜ ਤੇ ਚੰਨ੍ਹ ਨੂੰ ਰਮਜ਼ਾਨ ਦੇ ਮਹੀਨਿ ਵਿੱਚ ਗ੍ਰਹਿਣ ਲੱਗੇਗਾ । ਜੱਦ ਤੱਕ ਇਹ ਭਵਿੱਖਬਾਣੀ ਪੂਰੀ ਨ ਹੋਵੇ ਅਤੇ ਸੂਰਜ ਤੇ ਚੰਨ੍ਹ ਨੂੰ ਰਮਜ਼ਾਨ ਦੇ ਮਹੀਨਿ

ਵਿੱਚ ਗ੍ਰਹਿਣ ਨ ਲੱਗੇ ਉਹਨਾਂ ਦੇ ਦਾਵੇ ਨੂੰ ਕਦੇ ਵੀ ਸਚੱਾ ਨਹੀਂ ਸਮਝਿਆ ਜਾ ਸਕਦਾ । ਸੰਜੋਗ ਦੀ ਗੱਲ ਹੈ ਕਿ ਉਹ ਮੌਲਵੀ ਅਜੇ ਜੀਉਂਦਾ ਹੀ ਸੀ ਕਿ ਸੂਰਜ ਅਤੇ ਚੰਨ੍ਹ ਦੀ ਪੇਸ਼ਗੋਈ ਪੂਰੀ ਹੋ ਗਈ । ਉਸ ਮੌਲਵੀ ਦੇ ਗਵਾਂਢ ਵਿੱਚ ਇਕ ਅਹਮਦੀ ਰਹਿੰਦਾ ਸੀ, ਉਸ ਨੇ ਸੁਣਾਇਆ ਕਿ ਜੱਦ ਸੂਰਜ ਨੂੰ ਗ੍ਰਹਿਣ ਲੱਗਾ ਤਾਂ ਉਸ ਮੌਲਵੀ ਨੇ ਘਬਰਾਹਟ ਵਿੱਚ ਛੱਤ ਉਪੱਰ ਚੜ੍ਹ ਕੇ ਟਹਿਲਣਾ ਸ਼ੁਰੂ ਕਰ ਦਿੱਤਾ। ਉਹ ਟਹਿਲਦਾ ਜਾਦਾਂ ਅਤੇ ਕਹੀ ਜਾਂਦਾ ਸੀ ਕਿ "ਹੁਣ ਲੋਕ ਗੁਮਰਾਹ ਹੋਣਗੇ, ਹੁਣ ਲੋਕ ਗੁਮਰਾਹ ਹੋਣਗੇ" ਉਸ ਨੇ ਇਹ ਨ ਸਮਝਿਆ ਕਿ ਜੱਦ ਪੇਸ਼ਗੋਈ ਪੂਰੀ ਹੋ ਗਈ ਤਾਂ ਲੋਕ ਹਜ਼ਰਤ ਮਿਰਜ਼ਾ ਸਾਹਬ ਨੂੰ ਮੰਨ੍ਹ ਕੇ ਸੁਮਾਰਗ ਪਾਉਣਗੇ, ਗੁਮਰਾਹ ਨਹੀਂ ਹੋਣਗੇ। ਆਪ ਫ਼ਰਮਾਉਂਦੇ ਹਨ ਕਿ ਈਸਾਈ ਵੀ ਇਕ ਪਾਸੇ ਤਾਂ ਇਹ ਮੰਨ੍ਹਦੇ ਸਨ ਕਿ ਉਹ ਸਾਰੀਆਂ ਅਲਾਮਤਾਂ ਤਾਂ ਪੂਰੀਆਂ ਹੋ ਗਈਆਂ ਹਨ ਜੋ ਪਹਿਲੀਆਂ ਕਿਤਾਬਾਂ ਵਿੱਚ ਮੌਜੂਦ ਹਨ ਪਰ ਦੂਜੇ ਪਾਸੇ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਅਮ ਦਾ ਦਾਵਾ ਸੁਣ ਕੇ ਉਹ ਇਹ ਵੀ ਕਹਿੰਦੇ ਸਨ ਕਿ ਸੰਜੋਗਵਸ਼ ਇਕ ਝੂਠੇ ਨੇ ਦਾਵਾ ਕਰ ਦਿੱਤਾ ਹੈ ਜਿਵੇਂ ਮੁਸਲਮਾਨ ਕਹਿੰਦੇ ਹਨ, ਅਲਾਮਤਾਂ ਤਾਂ ਪੂਰੀਆਂ ਹੋ ਗਈਆਂ ਹਨ ਪਰ ਸੰਜੋਗ ਦੀ ਗੱਲ ਹੈ ਕਿ ਇਸ ਸਮੇਂ ਇਕ ਝੂਠੇ ਨੇ ਦਾਵਾ ਕਰ ਦਿੱਤਾ ਹੈ । ਪਰ ਅਜੀਬ ਗੱਲ ਇਹ ਹੈ ਕਿ ਅਜਿਹੇ ਸੰਗੋਗ ਝੂਠੇ ਨੂੰ ਹੀ ਕਿਉਂ ਨਸੀਬ ਹੁੰਦੇ ਹਨ ਅਤੇ ਸੱਚਿਆਂ ਨੂੰ ਨਸੀਬ ਨਹੀਂ ਹੁੰਦੇ । ਝੂਠੇ ਦੇ ਹੱਕ ਵਿੱਚ ਤਾਂ ਰੱਬੀ ਸਹਾਇਤਾ ਪ੍ਰਕਟ ਹੁੰਦੀ ਹੈ ਅਤੇ ਸੱਚਿਆਂ ਦੇ ਹੱਕ ਵਿਚ ਅੱਜਕਲ ਕੁਝ ਨਹੀਂ ਹੋ ਰਿਹਾ ।

ਹਜ਼ਰਤ ਮਸੀਹ ਮਊਦ ਦੀ ਮਿਹਰ ਤੇ ਖਿਮਾ ਭਾਵਨਾ ਦਾ ਵਰਨਣ ਕਰਦਿਆਂ ਹੋਇਆਂ ਇਕ ਥਾਂ ਆਪ ਫ਼ਰਮਾਉਂਦੇ ਹਨ । ਇਕ ਵਾਰ ਆਪ ਦੇ ਕੁਝ ਵਿਰੋਧੀ ਫੜੇ ਗਏ ਤਾਂ ਮਜਿਸਟ੍ਰੇਟ ਨੇ ਕਿਹਾ ਕਿ ਮੈਂ ਇਸ ਸ਼ਰਤ'ਤੇ ਮੁਕੱਦਮਾ ਚਲਾਵਾਂਗਾ ਕਿ ਮਿਰਜ਼ਾ ਸਾਹਬ ਵੱਲੋਂ ਸਫ਼ਾਰਸ਼ ਨ ਆਵੇ ਕਿਉਂਕਿ ਜੇਕਰ ਬਾਦ ਵਿੱਚ ਉਹਨਾਂ ਨੇ ਮਾਫ਼ ਕਰ ਦਿੱਤਾ ਤਾਂ ਫਿਰ ਮੈਨੂੰ ਉਹਨਾਂ ਨੂੰ ਖ਼ਾਮਖ਼ਵਾਹ ਐਵੇਂ ਹੀ ਗ੍ਰਿਫ਼ਤਾਰ ਕਰਨ ਦੀ ਕੀ ਲੋੜ ਹੈ ਪਰ ਦੂਜੇ ਮਿਤੱਰਾਂ ਨੇ ਕਿਹਾ ਕਿ ਨਹੀਂ ਹੁਣ ਉਹਨਾਂ ਨੂੰ ਦੰਡ ਅਵਸ ਮਿਲਣਾ ਚਾਹੀਦਾ ਹੈ । ਜੱਦ ਮੁਜਰਿਮਾਂ ਨੇ ਸਮਝ ਲਿਆ ਕਿ ਹੁਣ ਦੰਡ ਅਵਸ਼ ਮਿਲੇਗਾ ਤਾਂ ਉਹਨਾਂ ਨੇ ਹਜ਼ਰਤ ਸਾਹਬ ਕੋਲ ਆਣ ਕੇ ਮੁਆਫ਼ੀ ਚਾਹੀ । ਹਜ਼ਰਤ ਸਾਹਬ ਨੇ ਕੰਮ ਕਰਨ ਵਾਲਿਆਂ ਨੂੰ ਬੁਲਾਕੇ ਫ਼ਰਮਾਇਆ ਕਿ ਇਹਨਾਂ ਨੂੰ ਮੁਆਫ਼ ਕਰ ਦਿਓ । ਉਹਨਾਂ ਨੇ ਕਿਹਾ ਕਿ ਅਸੀਂ ਤਾਂ ਹੁਣ ਵਾਦਾ ਕਰ ਚੁਕੇ ਹਾਂ ਕਿ ਅਸੀਂ ਕਿਸੇ ਪ੍ਰਕਾਰ ਦੀ ਸਫ਼ਾਰਸ਼ ਨਹੀਂ ਕਰਾਂਗੇ । ਹਜ਼ਰਤ ਅਕਦਸ ਫ਼ਰਮਾਉਣ ਲੱਗੇ ਕਿ ਉਹ ਜੋ ਮੁਆਫ਼ੀ ਲਈ ਕਹਿੰਦੇ ਹਨ ਅਸੀਂ ਕੀ ਕਰੀਏ । ਮਜਿਸਟ੍ਰੇਟ ਨੇ ਕਿਹਾ ਦੇਖਿਆ ਉਹੋ ਗੱਲ ਹੋਈ ਜੋ ਮੈਂ ਪਹਿਲਾਂ ਕਹਿੰਦਾ ਸੀ । ਮਿਰਜ਼ਾ ਸਾਹਬ ਨੇ ਮੁਆਫ ਕਰ ਹੀ ਦਿੱਤਾ । ਸੋ, ਇਹ ਜੋ ਘਟਨਾਵਾ ਹਨ ਇਹ ਕੇਵਲ ਸਾਨੂੰ ਇਹਨਾਂ ਤੋਂ ਬਚਣਾ ਨਹੀਂ ਚਾਹੀਦਾ ਸਗੋਂ ਆਪਣੇ ਉਪੱਰ ਲਾਗੂ ਵੀ ਕਰਨਾ ਚਾਹੀਦਾ ਹੈ । ਮੁਆਫ਼ੀ ਅਤੇ ਦਰਗੁਜ਼ਰ ਵੱਲ ਧਿਆਨ ਦੇਣ ਦੀ ਬਹੁਤ ਲੋੜ ਹੈ ।

ਫਿਰ ਆਪ ਫ਼ਰਮਾਉਂਦੇ ਹਨ ਕਿ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਆਪਣੇ ਵਿਰੋਧੀਆਂ ਨੂੰ ਤਹਿਰੀਕ ਕੀਤੀ (ਸਲਾਹ ਦਿੱਤੀ) ਕਿ ਅਜਿਹੇ ਜਲਸੇ ਨਿਰਧਾਰਤ ਕੀਤੇ ਜਾਣ ਜਿੰਨ੍ਹਾ ਵਿੱਚ ਹਰ ਮਨੁੱਖ ਆਪਣੇ ਧਰਮ ਦੀਆਂ ਖ਼ੂਬੀਆਂ ਬਿਆਨ ਕਰੇ । ਆਪ ਨੇ ਇਹ ਨਹੀਂ ਕਿਹਾ ਕਿ ਕਿਉਂਕਿ ਮੈਂ ਰੱਬ ਵੱਲੋਂ ਮਾਮੂਰ (ਸੁਧਾਰਕ) ਹਾਂ ਇਸ ਲਈ ਬਾਕੀ ਸਾਰੇ ਲੋਕ ਆਪਣੇ ਆਪਣੇ ਅੰਦਰ ਆਪਣੇ ਆਪਣੇ ਧਰਮ ਦਾ ਪ੍ਰਚਾਰ ਬੰਦ ਕਰ ਦਿਓ । ਆਪ ਨੇ ਅਜਿਹਾ ਨਹੀਂ ਕੀਤਾ ਕਿਉਂਕਿ ਆਪ ਜਾਣਦੇ ਸਨ ਕਿ ਬਾਕੀ ਲੋਕਾਂ ਨੂੰ ਵੀ ਪ੍ਰਚਾਰ ਦਾ ਉਹੋ ਜਿਹਾ ਹੀ ਅਧਿਕਾਰ ਹੈ ਜਿਵੇਂ ਕਿ ਮੈਨੂੰ । ਇਸ ਲਈ ਆਪ ਨੇ ਫ਼ਰਮਾਇਆ ਕਿ ਤੁਸੀਂ ਆਪਣੀ ਗੱਲ ਪੇਸ਼ ਕਰੋ ਮੈਂ ਆਪਣੀ ਗੱਲ ਪੇਸ਼ ਕਰਦਾ ਹਾਂ ਅਤੇ ਜੱਦ ਤੱਕ ਇਹ ਢੰਗ ਨ ਪੇਸ਼ ਕੀਤਾ ਜਾਵੇ ਅਮਨ ਕਦੇ ਨਹੀਂ ਹੋ ਸਕਦਾ ਅਤੇ ਸਚੱਾਈ ਨਹੀਂ ਫੈਲ ਸਕਦੀ । ਸੰਸਾਰ ਵਿੱਚ ਕੌਣ ਹੈ ਜੋ ਆਪਣੇ ਆਪ ਨੂੰ ਸਚੱਾਈ ਉਪੱਰ ਨਹੀਂ ਸਮਝਦਾ ਪਰ ਜੱਦ ਵਿਚਾਰਧਾਰਾ ਵਿੱਚ ਅੰਤਰ ਹੋਵੇ ਤਾਂ ਜ਼ਰੂਰੀ ਹੈ ਕਿ ਉਸ ਨੂੰ ਪ੍ਰਕਟ ਕਰਨ ਦਾ ਅਵਸਰ ਦਿਤੱਾ ਜਾਵੇ । ਇਹੋ ਗੱਲ ਪਾਕਿਸਤਾਨ ਦੀ ਸਰਕਾਰ ਸਮਝ ਲਏ ਜਾਂ ਅਰਬ ਦੁਨੀਆ ਸਮਝ ਲਏ ਤਾਂ ਫਿਰ ਪ੍ਰਚਾਰ ਦੇ ਵੱਡੇ ਵੱਡੇ ਮਾਰਗ ਵਿਸ਼ਾਲ ਹੋ ਜਾਣ ਅਤੇ ਉਹਨਾਂ ਨੂੰ ਆਪ ਪਤਾ ਲੱਗ ਜਾਵੇਗਾ ਕਿ ਕੌਣ ਸਚੱਾਈ ਉਪੱਰ ਹੈ ਅਤੇ ਕੌਣ ਗ਼ਲਤ ।

ਫਿਰ ਮਲਕਾ ਨੂੰ ਪ੍ਰਚਾਰ ਬਾਰੇ ਆਪ ਨੇ ਫ਼ਰਮਾਇਆ ਕਿ ਪਹਿਲੇ ਜੁਗਾਂ ਵਿੱਚ ਕੀ ਮਜਾਲ ਸੀ ਕਿ ਕੋਈ ਬਾਦਸ਼ਾਹ ਨੂੰ ਪ੍ਰਚਾਰ ਕਰ ਸਕੇ । ਇਹ ਵੱਡੀ ਗੁਸਤਾਖ਼ੀ ਅਤੇ ਬੇ ਅਦਬੀ ਸਮਝੀ ਜਾਂਦੀ ਸੀ ਪਰ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਸਨਮਾਨਯੋਗ ਮਲਕਾ ਕੈਸਰੇ ਹਿੰਦ ਨੂੰ ਇਕ ਪਤੱਰ ਲਿੱਖਿਆ ਜਿਸ ਵਿੱਚ ਉਸ ਨੂੰ ਇਸਲਾਮ ਵੱਲ ਬੁਲਾਇਆ ਗਿਆ ਅਤੇ ਕਿਹਾ ਗਿਆ ਕਿ ਜੇਕਰ ਕਬੂਲ ਕਰ ਲਓਗੀ ਤਾਂ ਤੁਹਾਡਾ ਭਲਾ ਹੋਵੇਗਾ । ਇਹ ਸੁਣ ਕੇ ਉਹਨਾਂ ਵੱਲੋਂ ਬਜਾਏ ਇਸ ਦੇ ਕਿ ਕਿਸੇ ਪ੍ਰਕਾਰ ਦੀ ਨਾਰਾਜ਼ਗੀ ਦਾ

ਪ੍ਰਗਟਾਵਾ ਕੀਤਾ ਜਾਂਦਾ, ਉਸ ਚਿੱਠੀ ਬਾਰੇ ਇਸ ਪ੍ਰਕਾਰ ਧਨਵਾਦ ਕੀਤਾ ਗਿਆ ਕਿ ਸਾਨੂੰ ਤੁਹਾਡ ਚਿੱਠੀ ਮਿਲ ਗਈ ਹੈ ਜਿਸ ਨੂੰ ਪੜ੍ਹ ਕੇ ਸਾਨੂੰ ਬਹੁਤ ਖ਼ੁਸ਼ੀ ਹੋਈ ਹੈ । ਅੱਜ ਜੋ ਏਜੰਟ ਹੋਣ ਦਾ ਆਰੋਪ ਲਾਉਂਦੇ ਹਨ, ਉਹ ਤਾਂ ਅੱਜ ਵੀ ਇਹਨਾਂ ਲੀਡਰਾਂ ਨੂੰ ਕਦੇ ਇਸਲਾਮ ਦਾ ਪ੍ਰਚਾਰ ਨਹੀਂ ਕਰ ਸਕਦੇ ।

ਇਕ ਤੁਰਕ ਸਫ਼ੀਰ ਇਕ ਵਾਰ ਕਾਦੀਆਂ ਆਇਆ । ਉਸ ਬਾਰੇ ਚਰਚਾ ਕਰਦੇ ਹੋਏ ਆਪ ਫ਼ਰਮਾਉਂਦੇ ਹਨ ਕਿ ਅੱਜ ਤੋਂ ਕਈ ਸਾਲ ਪਹਿਲਾਂ ਜੱਦ ਅਹਮਦੀਆਂ ਮੁਸਲਿਮ ਜਮਾਤ ਦੇ ਬਾਨੀ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਜੀਉਂਦੇ ਸਨ ਕਿ ਇਕ ਤੁਰਕੀ ਦੂਤ ਏਥੇ ਆਇਆ । ਤੁਰਕੀ ਸਰਕਾਰ ਨੂੰ ਮਜ਼ਬੂਤ ਬਨਾਉਣ ਲਈ ਉਸ ਨੇ ਮੁਸਲਮਾਨਾਂ ਤੋਂ ਬਹੁਤ ਸਾਰਾ ਚੰਦਾ (ਦਾਨ) ਲਿਆ ਅਤੇ ਜੱਦ ਉਸ ਨੇ ਜਮਾਤ ਅਹਮਦੀਆ ਦਾ ਨਾਂ ਸੁਣਿਆਂ ਤਾਂ ਕਾਦੀਆਂ ਵੀ ਆਇਆ । ਹੁਸੈਨ ਕਾਮੀ ਉਸ ਦਾ ਨਾਂ ਸੀ । ਹਜ਼ਰਤ ਮਸੀਹ ਮਊਦ ਅਲੈਹਿਸਲਾਮ ਨਾਲ ਉਸ ਦੀ ਵਾਰਤਾਲਾਪ ਹੋਈ । ਉਸ ਦਾ ਵਿਚਾਰ ਸੀ ਕਿ ਮੈਂਨੂੰ ਏਥੋਂ ਬਹੁਤ ਮਦਦ ਮਿਲੇਗੀ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਉਸ ਦਾ ਉਹ ਸਨਮਾਨ ਕੀਤਾ ਜੋ ਇਕ ਮਹਿਮਾਨ ਦਾ ਹੋਣਾ ਚਾਹੀਦਾ ਹੈ । ਫਿਰ ਧਾਰਮਕ ਗਲਬਾਤ ਵੀ ਹੋਈ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਉਸ ਨੂੰ ਕੁਝ ਉਪਦੇਸ਼ ਦਿੱਤੇ ਕਿ ਤੁਸੀਂ ਸਰਕਾਰ ਕੋਲੋਂ ਵੱਡੀਆਂ ਵੱਡੀਆਂ ਤਨਖਵਾਹਾਂ ਲੈਕੇ ਉਸ ਦੀ ਗ਼ਦੱਾਰੀ ਕਰਦੇ ਹੋ । ਤੁਹਾਨੂੰ ਸੰਜਮਤਾ ਤੇ ਪਵਿੱਤਰਤਾ ਨਾਲ ਕੰਮ ਲੈਕੇ ਇਸਲਾਮੀ ਹਕੂਮਤ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ ਤਾਂ ਉਹ ਏਥੋਂ ਬਹੁਤ ਗੁੱਸੇ ਵਿੱਚ ਗਿਆ ਅਤੇ ਉਸ ਨੇ ਆਖਣਾ ਅਰੰਭ ਕਰ ਦਿੱਤਾ ਕਿ ਇਹ ਇਸਲਾਮੀ ਹਕੂਮਤ ਦੀ ਹਤੱਕ ਕਰਦੇ ਹਨ । ਇਸ ਮੌਕੇ'ਤੇ ਵੀ ਮੌਲਵੀਆਂ ਨੇ ਬਹੁਤ ਰੌਲਾ ਪਾਇਆ ਕਿ ਤੁਰਕੀ ਦੀ ਸਰਕਾਰ ਜੋ ਪਵਿੱਤਰ ਸਥਾਨਾ ਦੀ ਸੁਰੱਖਿਆ ਕਰਨ ਵਾਲੀ ਹੈ ਉਸ ਦੀ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਹਤੱਕ ਕੀਤੀ ਹੈ । ਜੱਦ ਇਹ ਰੌਲਾ ਬਹੁਤ ਵੱਧਿਆ ਤਾਂ ਹਜ਼ਰਤ ਮਸੀਹ ਮਊਦ ਅਲੈਹਿਸਲਾਮ ਨੇ ਉਸ ਦੇ ਉੱਤਰ ਵਿੱਚ ਲਿੱਖਿਆ ਕਿ ਤੁਸੀਂ ਇਹ ਕਹਿੰਦੇ ਹੋ ਕਿ ਤੁਰਕੀ ਦੀ ਸਰਕਾਰ ਮਕੱਾ ਤੇ ਮਦੀਨਿ ਦੀ ਸੁਰੱਖਿਆ ਕਰਦੀ ਹੈ, ਪਰ ਮੈਂ ਸਮਝਦਾ ਹਾਂ ਕਿ ਤੁਰਕੀ ਦੀ ਸਰਕਾਰ ਕੀ ਚੀਜ਼ ਹੈ ਕਿ ਉਹ ਮੱਕੇ ਤੇ ਮਦੀਨਿ ਦੀ ਸੁਰੱਖਿਆ ਕਰੇ । ਮਕੱਾ ਤੇ ਮਦੀਨਾ ਖ਼ੁੱਦ ਤੁਰਕੀ ਦੀ ਸੁਰੱਖਿਆ ਕਰ ਰਹੇ ਹਨ ।

ਫਿਰ ਆਪ ਨੇ ਫ਼ਰਮਾਇਆ ਕਿ ਇਹ ਵਰਨਣ ਕਰਕੇ ਕਿ ਜਿਸ ਮਨੁੱਖ ਦੇ ਮਨ ਵਿੱਚ ਪਤਿੱਰ ਮੱਕੇ ਅਤੇ ਮਦੀਨਾ ਮਨਵੱਰਾ ਬਾਰੇ ਐਨ੍ਹੀ ਗ਼ੈਰਤ ਹੋਵੇ, ਉਸ ਦੇ ਮੰਨ੍ਹਣ ਵਾਲਿਆਂ ਬਾਰੇ ਕੀ ਇਹ ਕਿਹਾ ਜਾ ਸਕਦਾ ਹੈ ਕਿ ਜੇਕਰ ਖ਼ਾਨਾ ਕਾਬਾ ਦੀ ਇੱਟ ਨਾਲ ਇੱਟ ਖੜਕ ਜਾਵੇ ਤਾਂ ਉਹ ਖ਼ੁਸ਼ ਹੋਣ । ਅਸੀਂ ਤਾਂ ਇਹ ਵੀ ਸਹਿਨ ਨਹੀਂ ਕਰ ਸਕਦੇ ਕਿ ਮੰਨਿਆ ਜਾਵੇ ਕਿ ਹਕੀਕੀ ਤੌਰ'ਤੇ ਕੋਈ ਮੱਕੇ ਤੇ ਮਦੀਨਿ ਦੀ ਸਰਕਾਰ ਸੁਰੱਖਿਆ ਕਰ ਰਹੀ ਹੈ । ਅਸੀਂ ਤਾਂ ਸਮਝਦਨੇ ਹਾਂ ਕਿ ਅਰਸ਼ ਤੋਂ ਰੱਬ ਮਕੱਾ ਤੇ ਮਦੀਨਿ ਦੀ ਸੁਰੱਖਿਆ ਕਰ ਰਿਹਾ ਹੈ । ਕੋਈ ਮਨੁੱਖ ਉਹਨਾਂ ਵੱਲ ਅੱਖ ਚੁੱਕ ਕੇ ਵੀ ਨਹੀਂ ਦੇਖ ਸਕਦਾ । ਹਾਂ ਜ਼ਾਹਿਰੀ ਤੌਰ'ਤੇ ਹੋ ਸਕਦਾ ਹੈ ਕਿ ਕੋਈ ਦੁਸ਼ਮਣ ਇਹਨਾ ਪਵਿੱਤਰ ਸਥਾਨਾਂ ਉਪੱਰ ਅਕ੍ਰਮਣ ਕਰੇ ਤਾਂ ਉਸ ਸਮੇਂ ਮਨੁੱਖੀ ਹੱਥਾਂ ਨੂੰ ਵੀ ਸੁਰੱਖਿਆ ਲਈ ਅੱਗੇ ਵਧਾਇਆ ਜਾਵੇ ਪਰ ਰੱਬ ਨ ਕਰੇ ਕਦੇ ਅਜਿਹਾ ਮੌਕਾ ਆਵੇ ਤਾਂ ਉਸ ਸਮੇਂ ਦੁਨੀਆ ਨੂੰ ਪਤਾ ਲੱਗ ਜਾਵੇਗਾ ਕਿ ਸੁਰੱਖਿਆ ਬਾਰੇ ਜੋ ਜ਼ਿੰਮੇਦਾਰੀ ਰੱਬ ਵੱਲੋਂ ਮਨੁੱਖਾਂ ਉਪੱਰ ਪਾਈ ਗਈ ਹੈ, ਉਸ ਹੇਠ ਜਮਾਤ ਅਹਮਦੀਆ ਕਿਵੇਂ ਸਾਰਿਆਂ ਲੋਕਾਂ ਤੋਂ ਅਧਿਕ ਕੁਰਬਾਨੀ ਕਰਦੀ ਹੈ । ਅਸੀਂ ਇਹਨਾ ਸਥਾਨਾ ਨੂੰ ਅਤਿਅੰਤ ਪਵਿੱਤਰ ਸਮਝਦੇ ਹਾਂ । ਅਸੀਂ ਇਹਨਾਂ ਸਥਨਾ ਨੂੰ ਰੱਬ ਦੇ ਜਲਾਲ ਦੇ ਪ੍ਰਕਟ ਹੋਣ ਦੀ ਥਾਂ ਸਮਝਦੇ ਹਾਂ ਅਤੇ ਅਸੀਂ ਆਪਣੀ ਸਭ ਤੋਂ ਪਿਆਰੀ ਚੀਜ਼ ਨੂੰ ਇਹਨਾਂ ਦੀ ਸੁਰੱਖਿਆ ਲਈ ਕੁਰਬਾਨ ਕਰਨਾ ਆਪਣਾ ਸੁਭਾਗ ਸਮਝਦੇ ਹਾਂ ਅਤੇ ਅਸੀਂ ਵਿਸ਼ਵਾਸ ਰਖੱਦੇ ਹਾਂ ਕਿ ਜੋ ਮਨੁੱਖ ਤਿਰਛੀ ਨਿਗਾਹ ਨਾਲ ਮੱਕੇ ਵੱਲ ਇਕ ਵਾਰ ਵੀ ਦੇਖੇਗਾ ਰੱਬ ਉਸ ਮਨੁੱਖ ਨੂੰ ਅੰਨ੍ਹਾ ਕਰ ਦੇਵੇਗਾ ਅਤੇ ਜੇਕਰ ਰੱਬ ਨੇ ਕਦੇ ਮਨੁੱਖਾਂ ਤੋਂ ਇਹ ਕੰਮ ਲਿਆ ਤਾਂ ਜੋ ਹੱਥ ਇਸ ਬਦ ਅੱਖਾਂ ਨੂੰ ਫੋੜਨ ਲਈ ਅੱਗੇ ਵਧਣਗੇ ਉਹਨਾਂ ਵਿੱਚ ਸਾਡਾ ਹੱਥ ਰੱਬ ਦੀ ਅਪਾਰ ਮਿਹਰ ਨਾਲ ਸਭ ਤੋਂ ਅੱਗੇ ਹੋਵੇਗਾ । ਅਲੱਾਹ ਤਆਲਾ ਦੀ ਮਿਹਰ ਨਾਲ ਅੱਜ ਵੀ ਹਰ ਅਹਮਦੀ ਦੇ ਦਿਲ ਵਿੱਚ ਪਵਿੱਤਰ ਸਥਾਨਾ ਬਾਰੇ ਇਹੋ ਜਜ਼ਬੇ ਹਨ ਅਤੇ ਇੰਸ਼ਾਅਲੱਾਹ ਤਆਲਾ ਹਮੇਸ਼ਾ ਰਹਿਣਗੇ । ਅਲੱਾਹ ਤਆਲਾ ਸਾਡੇ ਈਮਾਨ ਅਤੇ ਆਸਥਾ ਵਿੱਚ ਵੀ ਸਦਾ ਵਾਧਾ ਕਰਦਾ ਰਹੇ ਅਤੇ ਕੁਰਬਾਨੀਆਂ ਕਰਨ ਵਾਲਿਆਂ ਦੀ ਪਹਿਲੀ ਪੰਕਤੀ ਵਿੱਚ ਹਮੇਸ਼ ਸਾਨੂੰ ਰੱਖੇ ।

ਨਮਾਜ਼ਾਂ ਦੇ ਬਾਦ ਹਜ਼ੂਰ ਅਨਵਰ ਨੇ ਦੋ ਜਨਾਜ਼ਾਏ ਗ਼ੈਬ ਪੜ੍ਹਾਏ । ਇਕ ਮੁਕਰੱਮ ਸਮੀਰ ਬਹੋਤਾ ਸਾਹਬ ਦਾ ਜੋ 24 ਫ਼ਰਵਰੀ 2015 ਈ. ਨੂੰ ਸਵੇਰੇ ਜਰਮਨੀ ਵਿੱਚ ਵਫ਼ਾਤ ਪਾ ਗਏ । (ਇਨੱਾ ਲਿਲੱਾਹਿ ਵ ਇਨੱਾ ਇਲੈਹਿ ਰਾਜਿਊਨ) ਹਜ਼ਰਤ ਖ਼ਲੀਫ਼ਾ ਤੁਲ

ਮਸੀਹ ਰਾਬੇ ਨੂੰ ਜੱਦ ਇਹਨਾਂ ਦੀ ਬੈਅਤ ਬਾਰੇ ਜਾਨਕਾਰੀ ਦਿੱਤੀ ਗਈ ਤਾਂ ਉਹਨਾ ਨੇ ਉਤੱਰ ਦਿਤੱਾ ਸੀ ਕਿ ਇਹ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦਾ ਇਲਹਾਮ ਯਨਸੁਰੁਕਾ ਰਿਜਾਲੁਨ ਨੂਹੀ ਅਲੈਹਿਮ ਮਿਨਸੱਮਾਇ ਦੇ ਚਰਿਤਾਰਥ ਹਨ ਅਤੇ ਅਲਾਹ ਤਆਲਾ ਦੀ ਮਿਹਰ ਨਾਲ ਇਹਨਾਂ ਨੇ ਸਾਬਤ ਵੀ ਕਰ ਦਿਖਾਇਆ । ਦੂਜਾ ਜਨਾਜ਼ਾਹ ਮੁਕਰੱਮ ਚੌਧਰੀ ਬਸ਼ੀਰ ਅਹਮਦ ਸਾਹਬ ਸਪੁਤੱਰ ਇਬਰਾਹੀਮ ਸਾਹਬ ਆਫ਼ ਸ਼ੇਖ਼ੁਪੁਰਾ ਪਾਕਿਸਤਾਨ ਦਾ ਸੀ । ਹਜ਼ੂਰ ਪੁਰ ਨੂਰ ਨੇ ਇਹਨਾਂ ਦੋਹਾਂ ਦਾ ਵਿਸਤ੍ਰਿਤ ਵਿਸਥਾਰ ਵੀ ਕੀਤਾ । ਅਲੱਾਹ ਤਆਲਾ ਮਰਹੂਮੀਨ ਦੇ ਦਰਜੇ ਬੁਲੰਦ ਕਰੇ । ਆਮੀਨ ।

**Khulasa Khutba 27.02.2015**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, for Punjabi desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131